ਗੁਰੂ ਨਾਨਕ –ਸਬਦ ੯੯

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ ॥

ਰਾਗੁ ਸਿਰੀਰਾਗੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੭੫

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ ॥
ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ ॥
ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ ॥
ਝੂਠਾ ਰੁਦਨੁ ਹੋਆ ਦੁੋਆਲੈ ਖਿਨ ਮਹਿ ਭਇਆ ਪਰਾਇਆ ॥
ਸਾਈ ਵਸਤੁ ਪਰਾਪਤਿ ਹੋਈ ਜਿਸੁ ਸਿਉ ਲਾਇਆ ਹੇਤੁ ॥
ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਲਾਵੀ ਲੁਣਿਆ ਖੇਤੁ ॥੪॥੧॥

ਸਾਰ: ਜਦੋਂ ਇੱਛਾਵਾਂ ਅਤੇ ਆਦਤਾਂ ਸਾਡੇ ਚਰਿੱਤਰ ਦਾ ਨਿਰਮਾਣ ਕਰਨਾ ਸ਼ੁਰੂ ਕਰ ਦਿੰਦੀਆਂ ਹਨ, ਤਾਂ ਉਹ ਚੁੱਪਚਾਪ ਸਾਡੇ ਜੀਵਨ ਰੂਪੀ ਰਾਹ ਨੂੰ ਨਿਰਧਾਰਿਤ ਕਰਦੀਆਂ ਹਨ। ਜੋ ਅਸੀਂ ਦੁਹਰਾਉਂਦੇ ਹਾਂ ਉਹ ਹੌਲੀ-ਹੌਲੀ ਸਾਡੀ ਪਛਾਣ ਦਾ ਹਿੱਸਾ ਬਣ ਜਾਂਦਾ ਹੈ। ਨਤੀਜੇ ਵਜੋਂ, ਅਸੀਂ ਦੇਖਦੇ ਹਾਂ ਕਿ ਸਾਡੀਆਂ ਚੋਣਾਂ ਚੇਤੰਨ ਜਾਗਰੂਕਤਾ ਦੀ ਬਜਾਏ ਜੜ੍ਹ ਰੂਪੀ ਆਦਤਾਂ ਤੋਂ ਵਧੇਰੇ ਸਿਰਜਤ ਹੁੰਦੀਆਂ ਹਨ। ਮਾਮੂਲੀ ਕਿਰਿਆਵਾਂ ਸਥਾਈ ਪ੍ਰਵਿਰਤੀਆਂ ਦਾ ਰੂਪ ਹੋ ਸਥੂਲ ਹੋ ਜਾਂਦੀਆਂ ਹਨ ਜੋ ਬਿਨਾਂ ਕਿਸੇ ਜਾਂਚ ਦੇ ਸਾਡੇ ਭਵਿੱਖ ਦੇ ਫੈਸਲਿਆਂ ਨੂੰ ਨਿਰਧਾਰਤ ਕਰਦੀਆਂ ਹਨ। ਸਮੇਂ ਦੇ ਨਾਲ, ਸਾਡੀਆਂ ਚੋਣਾਂ ਘੱਟ ਜਾਂਦੀਆਂ ਹਨ ਕਿਉਂਕਿ ਇਹ ਢਾਂਚੇ ਜੜ੍ਹ ਫੜ ਲੈਂਦੇ ਹਨ। ਸਾਡਾ ਜੀਵਨ ਅਸਲ ਵਿਚ ਜੋ ਅਸੀਂ ਵਿਚਾਰਦੇ ਹਾਂ ਉਸ ਨਾਲੋਂ ਸਾਡੀ ਜੀਵਨ ਸ਼ੈਲੀ ਕਾਰਣ ਵਧੇਰੇ ਪ੍ਰਭਾਵਿਤ ਹੋਣਾ ਸ਼ੁਰੂ ਹੋ ਜਾਂਦਾ ਹੈ। ਭਾਵੇਂ, ਜਾਗਰੂਕਤਾ ਇਸ ਗਤੀ ਨੂੰ ਵਿਗਾੜਨ ਦੀ ਸਮਰੱਥਾ ਰੱਖਦੀ ਹੈ। ਇਹਨਾਂ ਢਾਂਚਿਆਂ ਨੂੰ ਪਛਾਣ ਕੇ, ਅਸੀਂ ਇਕ ਵਾਰ ਫਿਰ ਸੁਚੇਤ ਤੌਰ 'ਤੇ ਆਪਣੇ ਭਵਿੱਖ ਨੂੰ ਤ੍ਰਾਸ਼ਣ ਵਾਲੀ ਆਪਣੀ ਯੋਗਤਾ ਨੂੰ ਮੁੜ ਪ੍ਰਾਪਤ ਕਰ ਸਕਦੇ ਹਾਂ।

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ ॥

ਹੇ ਵਣਜਾਰੇ ਦੋਸਤ, ਰਾਤ ਦੇ ਚੌਥੇ ਪਹਿਰ ਦੌਰਾਨ ਕਿਸਾਨ ਖੇਤ ਵਾਹੁਣ ਲਈ ਆਉਂਦਾ ਹੈ। "ਵਣਜਾਰਾ ਦੋਸਤ" ਸਾਡੇ ਇਰਾਦਿਆਂ ਦਾ ਪ੍ਰਤੀਕ ਹੈ, ਜਦੋਂ ਕਿ ਰਾਤ ਦਾ ਚੌਥਾ ਪਹਿਰ ਉਸ ਪਲ ਨੂੰ ਦਰਸਾਉਂਦਾ

ਹੈ ਜਦੋਂ ਸਾਡੀਆਂ ਇੱਛਾਵਾਂ ਅਤੇ ਆਦਤਾਂ ਸਾਡੇ ਚਰਿੱਤਰ ਨੂੰ ਪਰਿਭਾਸ਼ਿਤ ਕਰਨਾ ਸ਼ੁਰੂ ਕਰਦੀਆਂ ਹਨ, ਸਾਡੇ ਭਵਿੱਖ ਨੂੰ ਆਕਾਰ ਦਿੰਦੀਆਂ ਹਨ।

ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ ॥

ਜੇਕਰ ਵਿਨਾਸ਼ਕਾਰੀ ਗੁਣ ਧਾਰਨ ਕੀਤੇ ਜਾਣ, ਅਤੇ ਉਹੀ ਸਾਡੀ ਅਗਵਾਈ ਕਰਨ ਤਾਂ ਹੇ ਵਣਜਾਰੇ ਦੋਸਤ, ਕੋਈ ਵੀ ਜਾਗਰੂਕਤਾ ਪ੍ਰਾਪਤ ਨਹੀਂ ਕਰ ਸਕਦਾ।

ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ ॥

ਜਦੋਂ ਵਿਨਾਸ਼ਕਾਰੀ ਨਕਾਰਾਤਮਕ ਗੁਣ ਆਪਣੇ ਕਬਜ਼ੇ ਵਿਚ ਲੈ ਲੈਂਦੇ ਹਨ ਤਾਂ ਸਰਵ-ਵਿਆਪੀ ਜਾਗਰੂਕਤਾ ਦੀ ਸੂਝ ਪ੍ਰਾਪਤ ਨਹੀਂ ਹੁੰਦੀ।

ਝੂਠਾ ਰੁਦਨੁ ਹੋਆ ਦੋੁਆਲੈ ਖਿਨ ਮਹਿ ਭਇਆ ਪਰਾਇਆ ॥

ਝੂਠਾ ਰੋਣ ਚਾਰੇ ਪਾਸੇ ਗੂੰਜਦਾ ਹੈ, ਅਤੇ ਇਕ ਪਲ ਵਿਚ, ਇਹ ਪਰਾਇਆ ਬਣ ਸਕਦਾ ਹੈ। ਇਹ ਵਿਪਰੀਤਤਾ ਸਾਡੇ ਸੰਸਾਰਿਕ ਮੋਹ ਦੇ ਬਣਾਵਟੀਪਨ ਅਤੇ ਨਾਜ਼ੁਕਤਾ ਨੂੰ ਪ੍ਰਗਟ ਕਰਦੀ ਹੈ, ਜੋ ਉਸ ਵੇਲੇ ਅਲੋਪ ਹੋ ਸਕਦੀ ਹੈ ਜਦੋਂ ਅਸੀਂ ਇਸ ਨਾਲ ਕੋਈ ਪਛਾਣ ਬਣਾਉਣੀ ਬੰਦ ਕਰ ਦਿੰਦੇ ਹਾਂ।

ਸਾਈ ਵਸਤੁ ਪਰਾਪਤਿ ਹੋਈ ਜਿਸੁ ਸਿਉ ਲਾਇਆ ਹੇਤੁ ॥

ਸਾਨੂੰ ਸਿਰਫ਼ ਉਹੀ ਮਿਲਦਾ ਹੈ ਜਿਸ ਨਾਲ ਅਸੀਂ ਆਪਣੇ ਆਪ ਨੂੰ ਜੋੜਿਆ ਹੁੰਦਾ ਹੈ। ਇਹ ਦਰਸਾਉਂਦਾ ਹੈ ਕਿ ਕੋਈ ਉਹੀ ਬਣ ਜਾਂਦਾ ਹੈ ਜੋ ਉਹ ਚਾਹੁੰਦਾ ਹੈ: ਅਸਥਾਈ 'ਤੇ ਧਿਆਨ ਕੇਂਦਰਿਤ ਕਰਨ ਨਾਲ ਪੀੜਾ ਹੁੰਦੀ ਹੈ, ਅਤੇ ਸਦੀਵੀ ਦਾ ਧਿਆਨ ਧਰਨ ਨਾਲ ਸ਼ਾਂਤੀ ਮਿਲਦੀ ਹੈ।

ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਲਾਵੀ ਲੁਣਿਆ ਖੇਤੁ ॥੪॥੧॥

ਨਾਨਕ ਕਹਿੰਦੇ ਹਨ, ਮਨੁੱਖ, ਰਾਤ ਦੇ ਚੌਥੇ ਪਹਿਰ, ਖੇਤਾਂ ਵਿਚ ਬੀਜੀ ਹੋਈ ਵਸਤ ਵੱਢਣ ਲਈ ਆਉਂਦੇ ਹਨ। "ਚੌਥਾ ਪਹਿਰ" ਆਖਰੀ ਪਲ ਨੂੰ ਦਰਸਾਉਂਦਾ ਹੈ ਜਦੋਂ ਅਸੀਂ ਆਪਣੇ ਦੁਆਰਾ ਧਾਰਨ ਕੀਤੇ ਗੁਣਾਂ ਦੇ ਨਤੀਜੇ ਪ੍ਰਾਪਤ ਕਰਦੇ ਹਾਂ। (੪)(੧)

ਤੱਤ: ਗੁਰੂ ਨਾਨਕ ਗੂੜ੍ਹ ਸੱਚਾਈ ਪ੍ਰਗਟ ਕਰਦੇ ਹਨ: ਕਿ ਜਦੋਂ ਅਸੀਂ ਆਪਣੇ ਅਸਲ ਸੁਭਾਅ ਬਾਰੇ ਇਮਾਨਦਾਰੀ ਨਾਲ ਵਿਚਾਰ ਕਰਦੇ ਹਾਂ ਤਾਂ ਸਾਡੀਆਂ ਪ੍ਰਾਪਤੀਆਂ ਦੇ ਆਖਰੀ ਪਲ ਸ਼ਾਂਤ ਸਥਿਰਤਾ ਵਿਚ ਆਉਂਦੇ ਹਨ। ਉਹ ਦਰਸਾਉਂਦੇ ਹਨ ਕਿ ਅਸੀਂ ਜਿਸ ਤਰ੍ਹਾਂ ਜੀਵਨ ਬਤੀਤ ਕੀਤਾ ਹੋਵੇ, ਉਹ ਸਾਡੀਆਂ ਆਦਤਾਂ ਅਤੇ ਇੱਛਾਵਾਂ ਨੂੰ ਨਿਰਮਤ ਕਰਦਾ ਹੈ, ਜੋ ਸਾਡੇ ਜੀਵਨ ਰੂਪੀ ਸਫ਼ਰ 'ਤੇ ਇਕ ਸਥਾਈ ਛਾਪ ਛੱਡਦਾ ਹੈ। ਜ਼ਿੰਦਗੀ ਸਾਡੇ ਕਰਮਾਂ ਦੇ ਨਤੀਜਿਆਂ ਦਾ ਸਾਹਮਣਾ ਨਿਰਣੇ ਦੀ ਬਜਾਏ ਕੁਦਰਤੀ ਵਿਕਾਸ ਰੂਪ ਵਿਚ ਕਰਦੀ ਹੈ। ਜਿਸ ਅਭਿਆਸ ਨੂੰ ਅਸੀਂ ਧਾਰਨ ਕਰਦੇ ਹਾਂ ਉਹ ਸਪੱਸ਼ਟ ਹੋ ਜਾਂਦੇ ਹਨ, ਜੋ ਇਹ ਜ਼ਾਹਿਰ ਕਰਦਾ ਹੈ ਕਿ ਸਾਡੇ ਨਤੀਜੇ ਸਿੱਧੇ ਤੌਰ ਉਨ੍ਹਾਂ ਰਾਹਾਂ ਨੂੰ ਦਰਸਾਉਂਦੇ ਹਨ, ਜਿਨ੍ਹਾਂ ਨੂੰ ਅਸੀਂ ਦਿਖਾਉਣਾ ਚਾਹੁੰਦੇ ਹਾਂ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**